28.7.96.

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

**ਸਾਹਿਤਕਾਰ ਬਨਾਮ ਸਮਾਜ :** ਇਸ ਹਫਤੇ ਸਾਹਿਤਕਾਰਾਂ ਦੀਆਂ ਦੋ ਲਿਖਤਾਂ 'ਪੰਜਾਬੀ ਟ੍ਰਿਬਿਊਨ' ਵਿਚ ਪੜ੍ਹਨ ਨੂੰ ਮਿਲੀਆਂ ਹਨ। ਇਕ ਸ਼ਨਿਚਰਵਾਰ 20 ਜੁਲਾਈ ਨੂੰ ਜਸਵੰਤ ਸਿੰਘ ਕੰਵਲ ਦੀ ਹੈ 'ਪੰਜਾਬ ਦਾ ਕੋਈ ਵਾਲੀਵਾਰਸ ਨਹੀਂ ਸਹੀ ਅਰਥਾਂ ਵਿਚ' ਅਤੇ ਦੂਜੀ ਗੁਰਦਿਆਲ ਸਿੰਘ ਦੀ ਹੈ 'ਨਿਰਾਸ਼ ਤੇ ਆਦਰਸ਼ਹੀਣ ਜੀਵਨ ਜਿਊਂਦੀ ਕੁਰਾਹੇ ਪਈ ਨੌਜਵਾਨ ਪੀੜ੍ਹੀ' (ਐਤਵਾਰ 21 ਜੁਲਾਈ)। ਇਸੇ ਵਿਸ਼ੇ 'ਤੇ 30 ਜੁਲਾਈ ਨੂੰ ਚੇਤਨਾ ਮੰਚ, ਚੰਡੀਗੜ੍ਹ ਵਲੋਂ ਗੋਸ਼ਟੀ 'ਸਾਹਿਤ ਤੇ ਸਮਾਜਿਕ ਤਬਦੀਲੀ' ਹੋਈ ਜਿਸ ਵਿਚ ਪ੍ਰੋ. ਨਿਰਮਲ ਦੱਤ ਹੋਰਾਂ ਨੇ ਮੂਲ ਭਾਸ਼ਨ ਦਿੱਤਾ। ਇਹ ਲਿਖਤਾਂ ਤਾਂ ਚੰਡੀਗੜ੍ਹ 'ਚ ਹੋਈ ਗੋਸ਼ਟੀ ਦੱਸਦੀ ਹੈ ਕਿ ਸਾਹਿਤਕਾਰ ਅੱਜ ਦੇ ਸਮਾਜਕ ਵਰਤਾਰੇ ਬਾਰੇ ਚਿੰਤਤ ਹਨ ਪਰ ਅਜੇ ਉਹ ਤਲਾਸ਼ ਵਿਚ ਹਨ ਕਿ ਉਹ ਇਸ ਵਰਤਾਰੇ ਨੂੰ ਸਹੀ ਕਰਨ ਵਿਚ ਕਿਸ ਤਰ੍ਹਾਂ ਦਖਲਅੰਦਾਜ਼ੀ ਕਰਨ।

ਕੰਵਲ ਹੋਰਾਂ ਨੇ ਆਪਣੀ ਜਾਣੀ ਪਛਾਣੀ ਸ਼ੈਲੀ ਵਿਚ ਖੱਬੇ ਸੱਜੇ ਸਭ ਨੂੰ ਰਗੜ ਦਿੱਤਾ ਹੈ ਅਤੇ ਇਹ ਰਗੜਨ ਵੇਲੇ ਮਾੜੀ ਚੰਗੀ ਭਾਸ਼ਾ ਵਰਤਣ ਵਿਚ ਵੀ ਗੁਰੇਜ਼ ਨਹੀਂ ਕੀਤਾ। ਉਨ੍ਹਾਂ ਦੀਆਂ ਨਜ਼ਰਾਂ ਵਿਚ ਕਾਂਗਰਸ, ਸੱਜੇ ਖੱਬੇ ਕਮਿਊਨਿਸਟ, ਭਾਰਤੀ ਕਿਸਾਨ ਯੂਨੀਅਨ, ਅਕਾਲੀ, ਭਾਜਪਾ, ਬਸਪਾ (ਕਾਂਸ਼ੀ ਰਾਮ ਦਾ ਥੋੜ੍ਹਾ ਜਿਹਾ ਲਿਹਾਜ਼ ਕਰਕੇ) ਸਭ ਗਿਰਝਾਂ ਹਨ ਜਿਹੜੀਆਂ ਪੰਜਾਬ ਦੇ ਭਾਨੇ (ਕਿਸਾਨ) ਦਾ ਮਾਸ ਚੂੰਡਣ ਲਈ ਤੱਤਪਰ ਹਨ। ਪਰ ਭਾਨਾ ਕਰੇ ਕੀ? ਇਹ ਕੰਵਲ ਹੋਰਾਂ ਸਪਸ਼ਟ ਨਹੀਂ ਦੱਸਿਆ। ਸੰਕੇਤ ਉਨ੍ਹਾਂ ਦਾ ਸੂਬਿਆਂ ਦੀ ਖੁਦਮੁਖਤਾਰੀ ਅਤੇ ਵੱਧ ਅਧਿਕਾਰਾਂ ਵੱਲ ਜ਼ਰੂਰ ਹੈ। ਇਹ ਗੱਲ ਖੁੱਲ੍ਹ ਕੇ ਉਨ੍ਹਾਂ ਦੇ ਨਾਵਲ ''ਤੋਸ਼ਾਲੀ ਦੀ ਹੰਸੋ' ਵਿਚ ਰੂਪਮਾਨ ਹੁੰਦੀ ਹੈ। ਛੋਟੀਆਂ ਕੌਮੀਅਤਾਂ ਦੀ ਖੁਦਦਾਰੀ, ਅਣਖ ਅਤੇ ਸੁਤੰਤਰਤਾ ਦੇ ਦੁਸ਼ਮਣ ਤਾਕਤਵਰ ਸਾਮਰਾਜ ਹਨ। ਦਿੱਲੀ ਉਨ੍ਹਾਂ ਦੀਆਂ ਨਜ਼ਰਾਂ ਵਿਚ ਇਕ ਸਾਮਰਾਜ ਹੈ ਜੋ ਪੰਜਾਬ ਜਾਂ ਕਹਿ ਲਵੋ ਸਿੱਖ ਕੌਮ ਦੀ ਖੁਦਦਾਰੀ ਦਾ ਦੁਸ਼ਮਣ ਹੈ। ਇਹ ਸਿਆਸੀ ਧਾਰਨਾ ਉਨ੍ਹਾਂ ਨੇ ਪਿਛਲੇ ਕੁਝ ਸਾਲਾਂ ਤੋਂ ਅਪਣਾਈ ਹੋਈ ਹੈ ਤੇ ਇਸੇ ਹੀ ਕਾਰਨ ਉਹ ਅਸਿੱਧੇ ਤੌਰ 'ਤੇ ਸਿੱਖ ਨੌਜਵਾਨ ਲਹਿਰ ਦੇ ਸਮਰਥਕ ਵੀ ਰਹੇ ਹਨ ਪਰ ਉਨ੍ਹਾਂ ਨੇ ਭਾਨੇ ਵਾਸਤੇ ਦਿਸ਼ਾ ਦੱਸਣ ਤੋਂ ਹਾਲੇ ਗੁਰੇਜ਼ ਕੀਤਾ ਹੈ। ਸ਼ਾਇਦ ਕਿਸੇ ਅਗਲੇ ਲੇਖ ਵਿਚ ਦੱਸਣ। ਉਨ੍ਹਾਂ ਕੋਲ ਭਾਨੇ ਦੀ ਮੁਕਤੀ ਲਈ ਜੇਕਰ ਕੋਈ ਬਲਿਊ ਪ੍ਰਿੰਟ ਹੈ ਤਾਂ ਉਹ ਜ਼ਰੂਰ ਦੱਸਣਾ ਚਾਹੀਦਾ ਹੈ। ਭਾਨੇ ਨੂੰ ਆਪਣੀ ਕਿਸਮਤ ਬਦਲਣ ਲਈ ਜਿਹੜੇ ਸੰਘਰਸ਼ ਦੀ ਲੋੜ ਹੈ, ਉਹ ਭਾਨੇ ਨੇ ਕਿਸੇ ਨਾ ਕਿਸੇ ਸਿਆਸੀ ਜਥੇਬੰਦੀ ਦੀ ਅਗਵਾਈ ਵਿਚ ਹੀ ਕਰਨਾ ਹੈ। ਇਕੱਲਾ ਭਾਨਾ ਕੁਝ ਨਹੀਂ ਕਰ ਸਕਦਾ। ਇਸ ਲਈ ਭਾਨੇ ਨੂੰ ਮਾਯੂਸ ਕਰਨ ਦੀ ਥਾਂ, ਜਾਂ ਇਹ ਕਹਿਣ ਦੀ ਥਾਂ ਕਿ ਭਾਨਿਆ ਤੇਰਾ ਕੁਝ ਨਹੀਂ ਬਣਨਾ, ਉਸ ਨੂੰ ਕੋਈ ਦਿਸ਼ਾ ਦਿੱਤੀ ਜਾਏ (ਜੇ ਤੁਹਾਡੇ ਕੋਲ ਹੈ?)। ਸਾਹਿਤਕਾਰ ਠੋਸ ਜ਼ਮੀਨ 'ਤੇ ਖਲੋ ਕੇ ਗੱਲ ਕਰੇ। ਸਿਆਸਤ ਬਾਰੇ ਤੇ ਸਿਆਸੀ ਪਾਰਟੀਆਂ ਬਾਰੇ ਹੂੰਝਾ ਫੇਰੂ ਬਿਆਨ ਦੇਣ ਤੋਂ ਗੁਰੇਜ਼ ਕਰੇ। ਇਹੀ ਚੰਗੀ ਗੱਲ ਹੈ।

ਗੁਰਦਿਆਲ ਸਿੰਘ ਹੋਰਾਂ ਨੇ ਨੌਜਵਾਨਾਂ ਬਾਰੇ ਆਪਣੇ ਲੇਖ ਵਿਚ ਫਿਕਰ ਜ਼ਾਹਿਰ ਕੀਤਾ ਹੈ। ਉਨ੍ਹਾਂ ਦੀ ਧਾਰਨਾ ਹੈ ਕਿ ਪੱਛਮ ਤੋਂ ਉਪਜੇ ਖਪਤਕਾਰ ਸਭਿਆਚਾਰ ਨੇ ਦੇਸ਼ ਦੀ ਜਵਾਨੀ ਨੂੰ ਗੁੰਮਰਾਹ ਕੀਤਾ ਹੈ। ਇਸ ਧਾਰਨਾ ਨਾਲ ਆਮ ਸਹਿਮਤੀ ਹੈ ਕਿ ਖਪਤ ਸਭਿਆਚਾਰ ਨੇ ਜਵਾਨੀ ਨੂੰ ਗੁੰਮਰਾਹ ਕੀਤਾ ਹੈ ਪਰ ਇਹ ਧਾਰਨਾ ਠੀਕ ਨਹੀਂ ਕਿ ਇਹ ਸਭਿਆਚਾਰ ਪੱਛਮੀ ਸਭਿਆਚਾਰ ਹੈ। ਪੱਛਮ ਦੇ ਸਾਹਿਤ ਅਤੇ ਸਭਿਆਚਾਰ 'ਚ ਤਰਕਵਾਦੀ ਅਤੇ ਮਾਨਵਵਾਦੀ ਬੜੇ ਹੀ ਸਾਰਥਕ ਗੁਣ ਹਨ। ਉਨ੍ਹਾਂ ਦੇਸ਼ਾਂ ਵਿਚ ਜਾਣ ਤੋਂ ਬਾਅਦ ਇਸ ਗੱਲ ਦਾ ਇਕ ਦਮ ਅਹਿਸਾਸ ਹੋ ਜਾਂਦਾ ਹੈ। ਵਾਹਯਾਤੀ ਲੱਚਰਪੁਣਾ ਅਤੇ ਬੇਹੂਦਗੀ ਇਸ ਦੇਸ਼ ਨੂੰ ਨਾਬਰਾਬਰੀ ਵਾਲੇ ਵਰਤਾਰੇ ਦੀ ਦੇਣ ਹਨ। ਵਿਹਲੜ ਅਤੇ ਆਯਾਸ਼ ਕਾਕਿਆਂ ਦੀ ਦੇਣ ਹਨ, ਜਿਨ੍ਹਾਂ ਕੋਲ ਬਾਪ ਦਾਦਿਆਂ ਦੀ ਫਾਲਤੂ ਕਮਾਈ ਹੈ। ਇਸ ਵਰਤਾਰੇ ਵਿਚ ਤਬਦੀਲੀ, ਸਿਸਟਮ ਵਿਚ ਬੁਨਿਆਦੀ ਤਬਦੀਲੀ ਨਾਲ ਹੀ ਮੁਮਕਿਨ ਹੈ। ਗੁਰਦਿਆਲ ਸਿੰਘ ਹੋਰਾਂ ਨੇ ਆਪਣੇ ਨਾਵਲਾਂ ਵਿਚ ਸਹਿਜ ਬਗਾਵਤ ਦੀ ਗੱਲ ਤਾਂ ਕੀਤੀ ਹੈ। ਪਰਸਾ ਵਰਗੇ ਕਿਰਦਾਰ ਸਿਰਜੇ ਹਨ ਜੋ ਇਸ ਸਿਸਟਮ ਦੇ ਕਾਇਦੇ ਕਾਨੂੰਨ ਮੰਨਣ ਤੋਂ ਇਨਕਾਰੀ ਹਨ ਪਰ ਇਸ ਸਹਿਜ ਬਗਾਵਤ ਨੂੰ ਅਮਲੀ ਬਗਾਵਤ ਵਿਚ ਕਿਸ ਤਰ੍ਹਾਂ ਬਦਲਿਆ ਜਾ ਸਕਦਾ ਹੈ, ਗੁਰਦਿਆਲ ਸਿੰਘ ਆਪਣੇ ਲੇਖ ਵਿਚ ਇਸ ਬਾਰੇ ਚੁੱਪ ਹਨ। ਨਾਵਲਾਂ ਵਿਚ ਜੇਕਰ ਕਲਾ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖ ਕੇ ਇਹ ਗੱਲਾਂ ਨਹੀਂ ਹੋ ਸਕਦੀਆਂ ਤਾਂ ਘੱਟ ਤੋਂ ਘੱਟ ਲੇਖਾਂ ਵਿਚ ਇਹ ਸਪਸ਼ਟਤਾ ਜ਼ਰੂਰ ਆ ਸਕਦੀ ਹੈ। ਚੰਡੀਗੜ੍ਹ ਦੇ ਚੇਤਨਾ ਮੰਚ ਦੇ ਸਮਾਗਮ ਵਿਚ ਵੀ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ। ਸਾਹਿਤਕਾਰ ਸਮਾਜਿਕ ਵਰਤਾਰੇ ਤੋਂ ਆਪਣੇ ਆਪ ਨੂੰ ਲਭਿ ਨਹੀਂ ਰੱਖ ਸਕਦਾ ਅਤੇ ਸਮਾਜਿਕ ਵਰਤਾਰੇ ਵਿਚ ਤਬਦੀਲੀ, ਰਾਜਸੀ ਤਬਦੀਲੀ ਨਾਲ ਹੀ ਮੁਮਕਿਨ ਹੋ ਸਕਦੀ ਹੈ। ਸਾਹਿਤਕਾਰ ਦੀ ਸਮਾਜਿਕ ਵਰਤਾਰੇ ਵਿਚ ਦਖਲਅੰਦਾਜ਼ੀ ਇਕ ਚੰਗਾ ਰੁਝਾਨ ਹੈ ਪਰ ਇਹ ਦਖਲਅੰਦਾਜ਼ੀ ਸੰਜੀਦਗੀ ਨਾਲ ਹੋਣੀ ਚਾਹੀਦੀ ਹੈ। ਸਿਰਫ ਫਤਵੇ ਦੇਣਾ ਕਾਫੀ ਨਹੀਂ।

**ਫਿਲਮ 'ਉਨ੍ਹਾਂ ਮਿੱਤਰਾਂ ਦੀ ਯਾਦ ਵਿਚ' ਬਨਾਮ ਦੂਰਦਰਸ਼ਨ :** ਸਭਿਆਚਾਰਕ ਹਲਕਿਆਂ ਵਾਸਤੇ ਇਹ ਮਹੱਤਵਪੂਰਨ ਖਬਰ ਹੈ ਕਿ ਫਿਲਮਸਾਜ਼ ਅਨੰਦ ਪਟਵਰਧਨ ਆਪਣੀ ਫਿਲਮ 'ਉਨ੍ਹਾਂ ਮਿੱਤਰਾਂ ਦੀ ਯਾਦ ਵਿਚ' ਦੇ ਸੰਦਰਭ ਵਿਚ ਦੂਰਦਰਸ਼ਨ ਵਿਰੁੱਧ ਆਪਣਾ ਮੁਕੱਦਮਾ ਜਿੱਤ ਗਿਆ ਹੈ। ਇਹ ਫਿਲਮ ਪੰਜਾਬ ਵਿਚ ਦਹਿਸ਼ਤਗਰਦੀ ਦੇ ਦੌਰ ਨੂੰ ਦਸਤਾਵੇਜ਼ੀ ਫਿਲਮ ਸ਼ੈਲੀ ਵਿਚ ਪੇਸ਼ ਕਰਦੀ ਹੈ। 1988 ਵਿਚ ਇਹ ਫਿਲਮ ਪੰਜਾਬ ਵਿਚ ਫਿਲਮਾਈ ਗਈ ਸੀ। ਇਸ ਵਿਚ ਕੁਝ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਕਾਰਕੁਨਾਂ ਨਾਲ ਇੰਟਰਵਿਊ ਸ਼ਾਮਲ ਹਨ। ਇਨਕਲਾਬੀ ਕੇਂਦਰ ਵਲੋਂ ਭਗਤ ਸਿੰਘ ਤੇ ਸਾਥੀਆਂ ਦੀ ਯਾਦ ਵਿਚ ਜੋ ਕਾਫਲਾ ਸਾਲ 1988 ਵਿਚ ਚਲਾਇਆ ਗਿਆ ਸੀ ਉਹਦੇ ਦ੍ਰਿਸ਼ ਵੀ ਹਨ। ਲਖਣਕੇ ਪੱਡੇ ਪਿੰਡ ਦੇ ਦ੍ਰਿਸ਼ ਵੀ ਹਨ। ਅਸਲ ਵਿਚ ਇਹ ਫਿਲਮ ਸ਼ਹੀਦ ਸਾਥੀ ਜੈਮਲ ਸਿੰਘ ਪੱਡਾ ਦੀ ਯਾਦ ਨੂੰ ਸਮਰਪਿਤ ਹੈ।

ਇਸ ਫਿਲਮ ਨੇ ਬੜੇ ਰਾਸ਼ਟਰੀ/ ਅੰਤਰਰਾਸ਼ਟਰੀ ਇਨਾਮ ਜਿੱਤੇ ਹਨ ਤੇ ਇਸੇ ਕਰਕੇ ਜਦੋਂ ਦੂਰਦਰਸ਼ਨ ਨੇ ਫਿਲਮ ਦਿਖਾਉਣ ਤੋਂ ਨਾਂਹ ਕੀਤੀ ਤਾਂ ਅਨੰਦ ਪਟਵਰਧਨ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ। ਸੁਪਰੀਮ ਕੋਰਟ ਨੇ ਇਕ ਫੈਸਲੇ ਰਾਹੀਂ ਦੂਰਦਰਸ਼ਨ ਨੂੰ ਆਦੇਸ਼ ਦਿੱਤਾ ਹੈ ਕਿ ਫਿਲਮ ਨੂੰ ਚੈਨਲ ਇਕ ਜਾਂ ਚੈਨਲ ਦੋ ਤੋਂ ਸ਼ਾਮ 6 ਵਜੇ ਤੋਂ 9 ਵਜੇ ਦੇ ਦਰਮਿਆਨ ਵਿਖਾਇਆ ਜਾਏ। ਪੰਜਾਬ ਦੇ ਦਰਸ਼ਕਾਂ ਨੂੰ ਇਸ ਫਿਲਮ ਦੀ ਉਡੀਕ ਹੋਵੇਗੀ।